ਵੀਰਵਾਰ
11, ਫ਼ਰਵਰੀ 2010
30 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 301,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਰੇਲ ਮਾਰਗ ਦਾ ਆਧੁਨਿਕੀਕਰਣ ਕਰਨਾ ਜ਼ਰੂਰੀ 3

ਸੰਪਾਦਕੀ
ਪਾਕਿਸਤਾਨ ਅਤੇ ਭਾਰਤ 'ਚ ਭਾਈਚਾਰਕ ਸਦਭਾਵਨਾ 4

ਦੇਸ਼ ਦੁਨੀਆਂ
ਬੀਨੇਵਾਲ ਬੀਤ, ਤਹਿ. ਗੜ੍ਹਸ਼ੰਕਰ ਵਿਸ਼ੇਸ਼ ਸਪਲੀਮੈਂਟ 8

ਪੈਟਰੋਲ 3, ਡੀਜ਼ਲ 2 ਰੁ. ਮਹਿੰਗਾ ਕਰਨ ਨੂੰ ਹਰੀ ਝੰਡੀ !

ਗੈਸ ਸਿਲੰਡਰ ਵੀ 25 ਰੁ. ਵੱਧ ਸਕਦੈ

ਨਵੀਂ ਦਿੱਲੀ, 10 ਫਰਵਰੀ (ਵਿਸ਼ਵ ਵਾਰਤਾ)-ਮਹਿੰਗਾਈ ਦੀ ਮਾਰ ਝੱਲ ਰਹੀ ਜਨਤਾ ਲਈ ਛੇਤੀ ਹੀ ਇੱਕ ਹੋਰ ਬੁਰੀ ਖ਼ਬਰ ਆ ਸਕਦੀ ਹੈ। ਖਰਾਕ ਪਦਾਰਥਾਂ ਦੀਆਂ ਆਸਮਾਨ ਛੂਹਦੀਆਂ ਕੀਮਤਾਂ ਤੋਂ ਬਾਅਦ ਜਨਤਾ ਨੂੰ ਹੁਣ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਦਾ ਸਾਹਮਣਾ ਕਰਨਾ ਪਵੇਗਾ। ਸੂਤਰਾਂ ਮੁਤਾਬਿਕ ਤਾਂ ਪੈਟਰੋਲੀਅਮ ਮੰਤਰਾਲੇ ਨੇ ਹੁਣੇ ਹੀ ਆਈ ਕਿਰੀਟ ਪਾਰਿਖ਼ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਆਪਣੀ ਮੋਹਰ ਲਗਾ ਦਿੱਤੀ ਹੈ ਅਤੇ ਹੁਣ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਵਿੱਚ ਕਾਂਗਰਸ ਕੋਰ ਕਮੇਟੀ ਦੀ ਬੈਠਕ ਵਿੱਚ ਇਸ ਕਮੇਟੀ ਦੀਆਂ ਸਿਫਾਰਿਸ਼ਾਂ 'ਤੇ ਚਰਚਾ ਕੀਤੀ ਜਾਵੇਗੀ। ਅਧਿਕਾਰਿਕ ਸੂਤਰਾਂ ਅਨੁਸਾਰ ਪੈਟਰੋਲ ਦੀਆਂ ਕੀਮਤਾਂ ਵਿੱਚ 3 ਰੁਪਏ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 2 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਜਾ ਸਕਦਾ ਹੈ। ਜਦਕਿ ਗੈਸ ਸਿਲੰਡਰ ਦੀਆਂ ਕੀਮਤਾਂ 50 ਰੁਪਏ ਅਤੇ ਮਿੱਟੀ ਦੇ ਤੇਲ ਦੀਆਂ ਕੀਮਤਾਂ 3 ਰੁਪਏ ਪ੍ਰਤੀ ਲੀਟਰ ਤੱਕ ਵਧਾਈ ਜਾ

☛(ਬਾਕੀ ਸਫਾ 2 'ਤੇ)

ਘੱਟ ਪੜ੍ਹੇ ਲਿਖੇ ਨੌਜਵਾਨਾਂ ਨੂੰ ਕਿੱਤਾ ਸਿੱਖਿਆ, ਰੁਜ਼ਗਾਰ ਦੇਣ ਲਈ 'ਵਰਸਿਟੀਆਂ ਪ੍ਰੋਗਰਾਮ ਤਿਆਰ ਕਰਨ-ਬਾਦਲ

ਚੰਡੀਗੜ੍ਹ, 10 ਫਰਵਰੀ ਹਰੀਸ਼ ਚੰਦਰ ਬਾਗਾਂਵਾਲਾ)-ਤਕਰੀਬਨ ਇਕ ਲੱਖ ਬੇਰੁਜ਼ਗਾਰ ਅਤੇ ਘੱਟ ਪੜ੍ਹੇ ਲਿਖੇ ਨੌਜਵਾਨਾ ਨੂੰ ਮਿਆਰੀ ਕਿੱਤਾ ਸਿੱਖਿਆ ਅਤੇ ਹੁਨਰ ਵਿਕਾਸ ਸਿੱਖਲਾਈ ਮੁਹੱਈਆ ਕਰਵਾਉਣ ਲਈ ਵੱਡੀ ਪਹਿਲਕਦਮੀ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਰਾਜ ਭਰ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੂੰ 1 ਅਪ੍ਰੈਲ 2010 ਤੋਂ ਸ਼ੁਰੂ ਹੋਣ ਵਾਲੇਂ ਅਗਲੇ ਅਕਾਦਮਿਕ ਸੈਸ਼ਨ ਤੋਂ ਸਿਖਲਾਈ ਮੁਹੱਈਆ ਕਰਵਾਉਣ ਲਈ ਬਲਿਯੂ ਪ੍ਰਿੰਟ ਤਿਆਰ ਕਰਨ ਲਈ ਸੱਦਾ ਦਿਤਾ ਹੈ। ਰਾਜ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੇ ਸਲਾਹਕਾਰੀ ਗਰੁਪ ਦੀ ਮੀਟਿੰਗ ਦੀ ਅੱਜ ਸਵੇਰੇ ਆਪਣੇ ਨਿਵਾਸ ਸਥਾਨ 'ਤੇ ਪ੍ਰਧਾਨਗੀ ਕਰਦੇ ਹੋਏ ਸ. ਬਾਦਲ ਨੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੂੰ ਆਖਿਆ ਕਿ ਉਹ ਉਹਨਾ ਕੁੰਜੀਵੱਤ ਖੇਤਰਾਂ ਦੀ ਸ਼ਿਨਾਖਤ ਕਰਨ ਜਿਹਨਾ ਵਿਚ ਬੇਰੁਜ਼ਗਾਰ ਨੌਜਵਾਨਾ ਨੂੰ ਕਿੱਤਾ ਸਿਖਲਾਈ ਮੁਹੱਈਆ ਕਰਵਾਈ ਜਾ ਸਕਦੀ ਹੈ ਅਤੇ ਉਹਨਾ ਨੂੰ ਵਧੀਆ ਰੁਜਗਾਰ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾ ਸਕਦਾ ਹੈ। ਸ. ਬਾਦਲ ਨੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੀ ਰਾਜ 'ਚ ਕਿਸੇ ਨੂੰ ਵੀ ਅਨਪੜ ਨਾ ਰਹਿਣ ਦੇਣ ਦੀ ਵਚਨਬਧਤਾ ਨੂੰ ਦੁਹਰਾਇਆ। ਉਹਨਾ ਕਿਹਾ ਕਿ ਉਹ ਸਕੂਲਾਂ ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਸਾਰੇ ਪੱਧਰਾਂ 'ਤੇ ਨੌਜਵਾਨਾ ਨੂੰ ਮਿਆਰੀ ਸਿੱਖਿਆ ਮੁਹਈਆ ਕਰਵਾਕੇ ਮਾਨਵੀ ਵਸੀਲਿਆਂ ਦੇ ਵਿਕਾਸ ਨੂੰ ਸੁਧਾਰਣ ਲਈ ਦ੍ਰਿੜ ਹਨ। ਮੀਟਿੰਗ ਦੌਰਾਨ ਵਾਈਸ ਚਾਂਸਲਰਾਂ ਨੇ ਇਹ ਵੀ ਦੱਸਿਆ ਕਿ ਪੰਜਾਬ ਟੈਕਨੀਕਲ ਯੂਨੀਵਰਸਿਟੀ 10000 ਵਿਦਿਆਰਥੀਆਂ ਨੂੰ ਕਿੱਤਾ ਸਿੱਖਲਾਈ ਮੁਹੱਈਆ ਕਰਵਾਏਗੀ ਜਦਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ 1000 ਵਿਦਿਆਥੀਆਂ, ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਰਨਰੀ ਸਾਇੰਸ 4000 ਵਿਦਿਆਰਥੀਆਂ ਨੂੰ ਸਿਖਲਾਈ ਮੁਹੱਈਆ ਕਰਾਏਗੀ। ਆਈ.ਆਈ.ਟੀ ਅਤੇ ਪੋਲੀਟੈਕਟੀਕਸ ਨੈਟਵਰਕ ਰਾਹੀਂ 10000, ਪੰਜਾਬੀ ਯੂਨੀਵਰਸਿਟੀ ਪਟਿਆਲਾ 10000, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿੰਤਸਰ 10000, ਰਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ 1000, ਪੰਜਾਬ ਖੇਤੀਬਾੜੀ ਯੂਨੀਵਰਸਿਟੀ 2000 ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 2000 ਵਿਦਿਆਰਥੀਆਂ ਨੂੰ ਅਗਲੇ ਅਕਾਦਮਿਕ ਸੈਸ਼ਨ ਦੌਰਾਨ ਤਕਨੀਕੀ ਸਿਖਿਆ ਮੁਹੱਈਆ ਕਰਾਏਗੀ। ਇਸ ਤੋਂ ਇਲਾਵਾ ਖੇਤੀਬਾੜੀ, ਪਸ਼ੂਪਾਲਣ, ਮੱਛੀ ਪਾਲਣ ਅਤੇ ਦਿਹਾਤੀ ਵਿਕਾਸ ਨਾਂ ਦੇ ਹੋਰ ਵਿਭਾਗ ਵੀ ਆਪਣੀ ਕਿੱਤਾ ਸਿਖਲਾਈ ਦੇ ਕੋਰਸਾਂ ਦੀ ਯੋਜਨਾਬੰਦੀ ਕਰਨਗੇ ਅਤੇ ਖਾਸ ਕਰ ਦਿਹਾਤੀ ਇਲਾਕਿਆਂ ਵਿਚ ਬੇਰੁਜਗਾਰ ਨੌਜਵਾਨਾਂ ਨੂੰ ਸਿਖਲਾਈ ਦੇਣਗੇ। ਮੁੱਖ ਮੰਤਰੀ ਨੇ ਮੌਜੂਦਾ 76 ਨਿੱਜੀ ਅਤੇ 7 ਸਰਕਾਰੀ ਇੰਜੀਨਰਿੰਗ ਕਾਲਜਾਂ ਵਿਚ ਜੂਨੀਅਰ ਸਾਇੰਸ ਐਜੂਕੇਸ਼ਨ ਕਾਲਜ ਚਲਾਉਣ ਦੀ ਜਰੂਰਤ 'ਤੇ ਜ਼ੋਰ ਦਿੱਤਾ। ਉਹਨਾ ਨੇ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਵਲੋਂ ਜਲੰਧਰ ਵਿਚ ☛(ਬਾਕੀ ਸਫਾ 2 'ਤੇ)

ਪੰਜਾਬ ਸਰਕਾਰ ਤਕਰੀਬਨ ਇਕ ਲੱਖ ਬੇਰੁਜ਼ਗਾਰ ਨੌਜਵਾਨਾਂ ਨੂੰ ਕਿੱਤਾ ਸਿਖਲਾਈ ਦੇਣ ਲਈ ਬਲਿਯੂ ਪ੍ਰਿੰਟ ਤਿਆਰ ਕਰੇਗੀ

ਵਿਧਾਨ ਸਭਾਵਾਂ 'ਚੋਂ ਟਕਰਾਅ ਖ਼ਤਮ ਕਰਨਾ ਜ਼ਰੂਰੀ

ਚੰਡੀਗੜ੍ਹ, 10 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾਵਾਂ ਦੇ ਬਿਨਾ ਅੜਚਨ ਕੰਮ ਨੂੰ ਯਕੀਨੀ ਬਨਾਉਣ ਅਤੇ ਲੋਕਾਂ ਅਤੇ ਰਾਜ ਦੇ ਮੁੱਦਿਆਂ ਬਾਰੇ ਸਦਨ ਵਿਚ ਆਮ ਸਹਿਮਤੀ ਪੈਦਾ ਕਰਨ ਲਈ ਸਰਕਾਰੀ ਬੈਂਚਾਂ ਅਤੇ ਵਿਰੋਧੀ ਪਾਰਟੀਆਂ ਦੇ ਵਿਪਾਂ ਵਿਚਕਾਰ ਲਗਾਤਾਰ ਵਿਚਾਰ-ਵਿਟਾਂਦਰੇ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ। ਸਥਾਨਕ ਹੋਟਲ ਮਾਊਂਟਵਿਊ ਵਿਖੇ 15ਵੀਂ ਦੋ ਦਿਨਾਂ ਆਲ ਇੰਡੀਆ ਵਿਪਜ਼ ਕਾਨਫਰੰਸ 2010 ਨੂੰ ਸੰਬੋਧਨ ਕਰਦੇ ਹੋਏ ਸ੍ਰ. ਬਾਦਲ ਨੇ ਕਿਹਾ ਕਿ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚ ਚੁਣੇ ਹੋਏ ਨੁਮਾਇੰਦਿਆਂ ਦੇ ਕੰਮ ਕਾਜ ਰਾਹੀਂ ਸਾਡੀ ਜਮਹੂਰੀਅਤ ਨੇ ਆਪਣਾ ਅਸਲ ਪ੍ਰਭਾਵ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਭਾਰਤ ਨੇ ਵਿਸ਼ਵ ਸਾਹਮਣੇ ਸਾਂਸਦੀ ਜਮਹੂਰੀਅਤ ਦੇ ਸਫਲ ਮਾਡਲ ਨੂੰ ਪੇਸ਼ ਕੀਤਾ ਹੈ ਪਰ ਕੁਝ ਰੁਝਾਨ ਸਾਡੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ☛(ਬਾਕੀ ਸਫਾ 2 'ਤੇ)

ਪੁਲਿਸ ਵਿੱਚ ਓ.ਆਰ.ਪੀ. ਰੈਂਕ ਦੀਆਂ ਪਦ ਉੱਨਤੀਆਂ ਦੇਣ ਬਾਰੇ ਸਰਕਾਰ ਕੁੜਿੱਕੀ 'ਚ

ਚੰਡੀਗੜ੍ਹ, 10 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਪੁਲਿਸ ਵਿਭਾਗ ਵਿੱਚ ਜੋ ਅਧਿਕਾਰੀ ਓ.ਆਰ.ਪੀ. ਰੈਂਕ 'ਤੇ ਤਾਇਨਾਤ ਹਨ। ਉਨ੍ਹਾਂ ਬਾਰੇ ਜਾਣਕਾਰੀ ਮੰਗੀ ਹੈ। ਪੰਜਾਬ ਪੁਲਿਸ ਵਿੱਚ ਲੋਕਲ ਰੈਂਕ ਤਰੱਕੀਆਂ ਦੇ ਮੁੱਦੇ ਨੂੰ ਬਲਜਿੰਦਰ ਸਿੰਘ ਅਤੇ ਹੋਰਨਾਂ ਪੁਲਿਸ ਕਰਮਚਾਰੀਆਂ ਨੇ ਹਾਈਕੋਰਟ ਵਿੱਚ ਚੈਲਿੰਜ ਕੀਤਾ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਮੁਕੁਲ ਮੋਦਗਿਲ ਐਤ ਜਸਟਿਸ ਜਸਵੀਰ ਸਿੰਘ ਦੇ ਆਧਾਰਤ ਬੈਂਚ ਤੋਂ ਇਸ ਸੰਬੰਧੀ ਸੁਣਵਾਈ ਹੋਈ। ਮਾਨਯੋਗ ਚੀਫ ਜਸਟਿਸ ਨੇ ਸੁਣਵਾਈ ਤੋਂ ਬਾਅਦ ਇਸ ਸੰਬੰਧ ਵਿੱਚ ਸਰਕਾਰ ਨੂੰ ਇਹ ਹਲਫੀਆ ਬਿਆਨ ਦੇਣ ਲਈ ਕਿਹਾ ਹੈ ਕਿ ਦੱਸਿਆ ਜਾਵੇ ਕਿ ਉਕਤ ਮੁੱਦੇ ਉਤੇ ਮੌਜੂਦ ਸਥਿਤੀ ਦੀ ਹੈ। ਪਟੀਸ਼ਨਰ ਕਰਤਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸਰਕਾਰ ਓ.ਆਰ.ਪੀ. ਵਿੱਚ ਭੇਦਭਾਵ ਦੀ ਨੀਤੀ ਅਖਤਿਆਰ ਕਰ ਰਹੀ ਹੈ, ਕਿਉਂਕਿ ਜਿਨ੍ਹਾਂ ਲੋਕਾਂ ਪਾਸ ਐੱਮ.ਏ. ਪੁਲਿਸ ਪ੍ਰਸ਼ਾਸਨ ਦੀ ਯੋਜਨਾ ਦੀ ਵੀ ਨਹੀਂ ਹੈ। ਉਨ੍ਹਾਂ ਨੂੰ ਤਾਂ ਪਦ ਉੱਨਤੀਆਂ ਮਿਲ ਰਹੀਆਂ ਹਨ, ਜੋ ਵਿਅਕਤੀ ਯੋਗ ਹਨ, ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਉਨ੍ਹਾਂ ਨੂੰ ਪਦਉੱਨਤੀ ਨਹੀਂ ਦਿੱਤੀ ਜਾਂਦੀ ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ ਦੇ ਮੁਤਾਬਿਕ ਕਿਸੇ ਵੀ ਪੁਲਿਸ ਕਰਮਚਾਰੀ ਨੂੰ ਲੋਕਲ ਰੈਂਕ ਦੇਣ 'ਤੇ ਪਹਿਲਾਂ ਆਈ ਜੀ ਨੇ ਸਰਕਾਰ ਤੋਂ ਇਜਾਜ਼ਤ ਹਾਸਲ ਕਰਨੀ ਸੀ, ਪਰ ਅਜਿਹਾ ਨਹੀਂ ਹੈ, ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਹੀਂ ਹੋ ਰਹੀ। ਉਨ੍ਹਾਂ ਨੇ ਹਾਈਕੋਰਟ ਨੂੰ ਕਿਹਾ ਕਿ ਜਾਂ ਤਾਂ ਪੁਲਿਸ ਸਾਰੇ ਯੋਗ ਉਮੀਦਵਾਰਾਂ ਨੂੰ ਪਦਉੱਨਤੀ ਦਿੰਦੀ ਤਾਂ ਜੋ ਉਨ੍ਹਾਂ ਦੇ ਨਾਲ ਭੇਦ ਭਾਵ ਨਾ ਹੁੰਦਾ। ਬੈਂਚ ਨੇ ਸਰਕਾਰ ਤੋਂ ਪੁੱਛਿਆ ਹੈ ਕਿ ਇਸ ਤਰ੍ਹਾਂ ਦੀਆਂ ਪਦ ਉੱਨਤੀਆਂ ਦੇਣ ਦੀ ਪ੍ਰਕਿਰਿਆ ਕੀ ਹੈ ਅਤੇ ਮੌਜੂਦਾ ਸਥਿਤੀ ਕੀ ਹੈ। ਸਰਕਾਰ ਨੂੰ ਦੋ ਹਫਤੇ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਹੈ। ਇਸ ਸੰਬੰਧੀ ਸਹੁੰ ਪੱਤਰ ਦੇਣ ਲਈ ਕਿਹਾ ਹੈ। ਕੇਸ ਦੀ ਅਗਲੀ ਸੁਣਵਾਈ 31 ਮਾਰਚ ਨੂੰ ਨਿਸ਼ਚਿਤ ਕੀਤੀ ਗਈ ਹੈ। ਸਰਕਾਰ ਨੂੰ ਆਪਣੇ ਸੁਹੰ ਪੱਤਰ ਦੀ ਕਾਪੀ ਪਟੀਸ਼ਨਰ ਨੂੰ ਵੀ ਦੇਣ ਲਈ ਕਿਹਾ ਹੈ, ਤਾਂ ਜੋ ਉਹ ਵੀ ਆਪਣਾ ਪੱਖ ਤੇ ਜਵਾਬ ਮਾਨਯੋਗ ਹਾਈ ਕੋਰਟ ਦੇ ਸਾਹਮਣੇ ਰੱਖ ਸਕਣ।

ਮਹਿੰਗਾਈ ਖਿਲਾਫ਼ ਭਾਜਪਾ ਉਤਰੀ ਸੜਕਾਂ 'ਤੇ

ਨਵੀਂ ਦਿੱਲੀ, 10 ਫਰਵਰੀ (ਵਿਸ਼ਵ ਵਾਰਤਾ)-ਮਹਿੰਗਾਈ ਖਿਲਾਫ਼ ਭਾਜਪਾ ਅੱਜ ਸੜਕਾਂ 'ਤੇ ਉਤਰ ਆਈ। ਦਿੱਲੀ ਦੇ ਜੰਤਰ-ਮੰਤਰ 'ਤੇ ਵੱਡੀ ਗਿਣਤੀ ਵਿਚ ਭਾਜਪਾ ਦੇ ਕਈ ਸਮਰਥਕਾਂ ਦੇ ਨਾਲ ਪਾਰਟੀ ਪ੍ਰਧਾਨ ਮੰਤਰੀ ਨਿਤਿਨ ਗਡਕਰੀ, ਸੁਸ਼ਮਾ ਸਵਰਾਜ, ਮੁਰਲੀ ਮਨੋਹਰ ਜੋਸ਼ੀ, ਅਨੰਤ ਕੁਮਾਰ ਵਰਗੇ ਪਾਰਟੀ ਦੇ ਸੀਨੀਅਰ ਨੇਤਾ ਇਕੱਠੇ ਹੋਏ। ਇਥੇ ਭਾਜਪਾ ਸਮਰਥਕਾਂ ਵੱਲੋਂ ਕਾਂਗਰਸ ਵਿਰੋਧੀ ਨਾਅਰੇ ਲਗਾਏ ਗਏ। ਉਹ ਪਾਰਟੀ ਦੇ ਝੰਡੇ ਅਤੇ ਬੈਨਰ ਲਈ ਭਾਜਪਾ ਸਮਰਥਕ 'ਚੀਨੀ ਹੋਰ ਕੜਵੀ' ਅਤੇ 'ਕਾਂਗਰਸ ਆਈ ਮਹਿੰਗਾਈ ਲਿਆਈ' ਵਰਗੇ ਨਾਅਰੇ ਲਗਾ ਰਹੇ ਸਨ। ਪਾਰਟੀ ਸਮਰਥਕਾਂ ਵੱਲੋਂ ਮਹਿੰਗਾਈ ਨੂੰ ਕਾਬੂ ਕਰਨ ਵਿਚ ਅਸਮਰਥ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਯੂ.ਪੀ.ਏ. ਚੇਅਰਪਰਸਨ ਸੋਨੀਆ ਗਾਂਧੀ ਅਤੇ ਖੇਤੀ ਮੰਤਰੀ ਸ਼ਰਦ ਪਵਾਰ ਦੇ ਖਿਲਾਫ਼ ਵੀ ਨਾਅਰੇ ਲਾਏ ਗਏ। ਇਸ ਦੌਰਾਨ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਬੋਲਦਿਆਂ ਕਿਹਾ ਕਿ ਕੇਂਦਰ ਦੀਆਂ ਗਲਤ ਆਰਥਿਕ ਨੀਤੀਆਂ ਕਾਰਨ ਹੀ ਮਹਿੰਗਾਈ ਸੱਤਵੇਂ ਅਸਮਾਨ ਪਹੁੰਚ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਕ ਵੱਡੇ ਘੋਟਾਲੇ ਕਾਰਨ ਮਹਿੰਗਾਈ ਵਧ ਰਹੀ ਹੈ ਅਤੇ ਸੱਤਾ ਵਿਚ ਬੈਠੇ ਨੇਤਾਵਾਂ ਦੇ ਸਮਰਥਨ ਤੋਂ ਬਿਨਾਂ ਅਜਿਹਾ ਸੰਭਵ ਨਹੀਂ ਹੈ।

ਪਾਰਟੀ ਦੇ ਸੀਨੀਅਰ ਨੇਤਾ ਅਨੰਤ ਕੁਮਾਰ ਨੇ ਕਿਹਾ ਕਿ ਪਾਰਟੀ ਮਹਿੰਗਾਈ ਦੇ ਖਿਲਾਫ਼ ਆਪਣੇ ਅੰਦੋਲਨ ਨੂੰ ਹੋਰ ਵਧਾਵੇਗੀ ਅਤੇ ਵਧੀਆਂ ਕੀਮਤਾਂ ਲਈ ਮੰਤਰੀਆਂ ਦੀ ਮਿਲੀਭੁਗਤ ਦਾ ਉਹ

'ਕਾਂਗਰਸ ਆਈ ਮਹਿੰਗਾਈ ਲਿਆਈ'

ਵਿਦੇਸ਼ੀ ਕੰਪਨੀਆਂ ਵੱਲੋਂ ਅੰਮ੍ਰਿਤਸਰ, ਜਲੰਧਰ ਤੇ ਮੋਹਾਲੀ ਦੀ ਭਵਿੱਖੀ ਯੋਜਨਾ ਪੇਸ਼

ਚੰਡੀਗੜ੍ਹ, 10 ਫਰਵਰੀ (ਹਰਸ਼ ਚੰਦਰ ਬਾਗਾਵਾਲਾ/ਵਿਸ਼ਵ ਵਾਰਤਾ)- ਅੰਤਰਰਾਸ਼ਟਰੀ ਪੱਧਰ ਦੀਆਂ ਸ਼ਹਿਰੀ ਯੋਜਨਾਬੱਧੀ ਕੰਪਨੀਆਂ ਸਿਟੀ ਸਕੇਪਿਸਟ ਤੇ ਡਿਕਸਨ ਜਿਨ੍ਹਾਂ ਦੇ ਮੁਖ ਦਫਤਰ ਮਲੇਸ਼ੀਆ ਤੇ ਆਸਟ੍ਰੇਲੀਆ ਵਿਚ ਹਨ, ਨੇ ਅੱਜ ਅੰਮ੍ਰਿਤਸਰ, ਜਲੰਧਰ ਅਤੇ ਐਸ. ਏ. ਐਸ. ਨਗਰ ਮੋਹਾਲੀ ਨੂੰ ਭਵਿੱਖ 'ਚ ਦਰਪੇਸ਼ ਆਉਣ ਵਾਲੀਆਂ ਚਣੌਤੀਆਂ ਦਾ ਟਾਕਰਾ ਕਰਨ ਸੰਬਧੀ ਭਵਿੱਖੀ ਯੋਜਨਾ ਦਾ ਨਕਸ਼ਾ ਪੰਜਾਬ ਸਰਕਾਰ ਅੱਗੇ ਪੇਸ਼ ਕੀਤਾ। ਇਥੇ ਮਲੋਏ ਨੇੜੇ ਪਿੰਡ ਬਹਿਲੋਲਪੁਰ ਵਿਖੇ ਐਚ.ਬੀ. ਅਸਟੇਟ ਦੇ ਹਾਊਸਿੰਗ ਮੈਗਾ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਉਪਰੰਤ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੀਆਂ ਦੂਰਅੰਦੇਸ਼ੀ ਨੀਤੀਆਂ 'ਤੇ ਚਾਨਣਾ ਪਾਉਂਦਿਆਂ ਉਪ ਮੁਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਦੱਸਿਆ ਕਿ ਇਨ੍ਹਾਂ ਕੰਪਨੀਆਂ ਵੱਲੋਂ ਪੇਸ਼ ਕੀਤੇ ਗਏ ਵਿਸਤ੍ਰਿਤ ਨਕਸ਼ੇ 'ਤੇ ਅਮਲ ਹੋਣ ਉਪਰੰਤ ਮੋਹਾਲੀ, ਜਲੰਧਰ ਅਤੇ ਅੰਮ੍ਰਿਤਸਰ ਸ਼ਹਿਰ ਚੌੜੀਆਂ ਸੜਕਾਂ, ਜ਼ਮੀਨਦੋਜ਼ ਬਿਜਲੀ ਅਤੇ ਟੈਲੀਫੋਨ ਕੇਬਲ ਨੈਟਵਰਕ ਵਰਗੇ ਵਿਸ਼ਵ ਪੱਧਰੀ ਮੁਢਲੇ ਢਾਂਚੇ ਸਦਕਾ ਬਹੁਰਾਸ਼ਟਰੀ ਕੰਪਨੀਆਂ ਦੇ ਨਿਵੇਸ਼ ਦਾ ਖਿਚ ਕੇਂਦਰ ਬਨਣਗੇ। ਉਨ੍ਹਾਂ ਦੱਸਿਆ ਕਿ ਤਿਆਰ ਕੀਤੀ ਗਈ ਯੋਜਨਾ ਤਹਿਤ ਜ਼ਮੀਨਦੋਜ਼ ਸੜਕੀ ਲਾਂਘੇ, ਐਲੀਵੇਟਿਡ ਸੜਕਾਂ, ਸਕਾਈ ਬ੍ਰਿਜ ਅਤੇ ਮਸ਼ੀਨਰੀ ਰਹਿਤ ਵਾਹਨਾਂ ਲਈ ਸੜਕਾਂ ਦੇ ਨਾਲ-ਨਾਲ ਵਿਸ਼ੇਸ਼ ਲਾਂਘੇ ਬਨਣ ਨਾਲ ਇਨ੍ਹਾਂ ਸ਼ਹਿਰਾਂ 'ਚ ਪ੍ਰੇਸ਼ਾਨੀ ਰਹਿਤ ਯਾਤਾਯਾਤ ਮੁਹੱਈਆ ਕਰਵਾਈ ਜਾ ਸਕੇਗੀ। ਸ: ਬਾਦਲ ਨੇ ਕਿਹਾ ਕਿ ਉਨ੍ਹਾਂ ਅਤੇ ਸਨਅਤੀ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਨੇ ਅੱਜ ਇਕੱਠਿਆਂ ਇਨ੍ਹਾਂ ਕੰਪਨੀਆਂ ਵੱਲੋਂ ਕੀਤੀ ਗਈ ਸ਼ਹਿਰੀ ਯੋਜਨਾ ਬਾਰੇ ਪੇਸ਼ਕਾਰੀ ਦਾ ਨਿਰੀਖਣ ਕੀਤਾ ਹੈ ਅਤੇ ਇਨ੍ਹਾਂ ਕੰਪਨੀਆਂ ਨੂੰ ਉਨ੍ਹਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਸ਼ਾਮਿਲ ਕਰਦਿਆਂ ਆਪਣੀਆਂ ਯੋਜਨਾਵਾਂ ਨੂੰ ਮੁਕੰਮਲ ਰੂਪ ਦੇਣ ਲਈ ਕਹਿ ਦਿੱਤਾ ਗਿਆ ਹੈ। ਮੋਹਾਲੀ ਦੇ ਵਿਕਾਸ ਲਈ ਸਰਕਾਰ ਵੱਲੋਂ ਪੁੱਟੇ ਗਏ ਕਦਮਾਂ ਬਾਰੇ ਜਾਣਕਾਰੀ ਦਿੰਦਿਆਂ ਸ: ਬਾਦਲ ਨੇ ਕਿਹਾ ਕਿ ਅੰਤਰਰਾਸ਼ਟਰੀ ਹਵਾਈ ਅੱਡਾ, ਵਿਸ਼ਵ ਪੱਧਰੀ ਮੈਨੇਜਮੈਂਟ ਸੰਸਥਾ ਇੰਡੀਅਨ ਸਕੂਲ ਆਫ਼ ਬਿਜਨਸ, ਐਨ.ਆਈ.ਪੀ.ਈ.ਆਰ. ਅਤੇ ਨੈਸ਼ਨਲ ਬਾਈਓਟੈਕ ਸੈਂਟਰ ਦੇ ਨਿਰਮਾਣ ਨਾਲ ਮੋਹਾਲੀ ਭਵਿੱਖ ਦੀ ਆਈ. ਟੀ. ਸਿਟੀ ਬਨਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਰੋਂਗ ☛(ਬਾਕੀ ਸਫਾ 2 'ਤੇ)

ਬਹੁਰਾਸ਼ਟਰੀ ਨਿਵੇਸ਼ ਨੂੰ ਖਿੱਚਣ ਲਈ ਸ਼ਹਿਰਾਂ 'ਚ ਵਿਸ਼ਵ ਪੱਧਰੀ ਮੁਢਲਾ ਢਾਂਚਾ ਮੁਹੱਈਆ ਕਰਵਾਇਆ ਜਾਵੇਗਾ-ਸੁਖਬੀਰ ਬਾਦਲ

ਵਿੱਤ ਮੰਤਰੀ ਵੱਲੋਂ ਕੋਲੰਬੋ ਸਲਾਹਕਾਰ ਕਮੇਟੀ ਦਾ ਉਦਘਾਟਨ

ਨਵੀਂ ਦਿੱਲੀ, 10 ਫਰਵਰੀ (ਵਿਸ਼ਵ ਵਾਰਤਾ)-ਵਿੱਤ ਮੰਤਰੀ ਸ਼੍ਰੀ ਪ੍ਰਣਬ ਮੁਖਰਜੀ ਵੱਲੋਂ 42ਵੀਂ ਕੋਲੰਬੋ ਸਲਾਹਕਾਰ ਕਮੇਟੀ ਦਾ ਉਦਘਾਟਨ ਨਵੀਂ ਦਿੱਲੀ ਵਿਖੇ ਕੀਤਾ ਗਿਆ। ਉਨ੍ਹਾਂ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਭਾਰਤ ਇਸ ਕਮੇਟੀ ਦਾ ਮੋਢੀ ਹੈ ਭਾਰਤ ਹਮੇਸ਼ਾ ਹੀ ਕੋਲੰਬੋ ਯੋਜਨਾ ਮੈਂਬਰ ਦੇਸ਼ਾਂ ਨੂੰ ਇੱਕਜੁਟ ਹੋ ਕੇ ਆਤਮ ਨਿਰਭਰ ਹੋਣ ਲਈ ਪ੍ਰੋਤਸ਼ਾਹਿਤ ਕਰਦਾ ਰਿਹਾ ਹੈ। ਏਸ਼ੀਆ ਅਤੇ ਪੈਸੀਫਿਕ ਵਿੱਚ ਸਮਾਜਿਕ ਵਿਕਾਸ ਅਤੇ ਆਰਥਿਕ ਸਹਿਯੋਗ ਦੀ ਸਥਾਪਨਾ ਲਈ ਕੋਲੰਬੋ ਯੋਜਨਾ ਵਿੱਚ ਭਾਰਤ ਲਗਾਤਾਰ ਪ੍ਰਭਾਵੀ ਹਿੱਸੇਦਾਰ ਤੌਰ 'ਤੇ ਲਗਾਤਾਰ ਰੋਲ ਅਦਾ ਕਰ ਰਿਹਾ ਹੈ। ਉਨ੍ਹਾਂ ਨੇ ਜਨਤਕ ਪ੍ਰਾਈਵੇਟ ਭਾਈਵਾਲੀ 'ਤੇ ਬੋਲਦਿਆਂ ਕਿਹਾ ਕਿ ਜਨਤਕ ਪ੍ਰਾਈਵੇਟ ਭਾਈਵਾਲੀ ਦੀ ਪਹਿਲ ਕਾਫ਼ੀ ਹੱਦ ਤੱਕ ਸਫਲ ਹੋਵੇਗੀ। ਉਨ੍ਹਾਂ ਨੇ ਰੈਗੂਲੇਟਰੀ ਅੰਤਰ ਲੰਬੇ ਸਮੇਂ ਲਈ ਵਿੱਤੀ ਸਹਾਇਤਾ ਦਾ ਮਿਲਣਾ ਅਸੰਭਵ, ਪ੍ਰਬੰਧਕੀ ਬਲ ਅਤੇ ਪ੍ਰਾਜੈਕਟਾਂ ਦੇ ਬੁਨਿਆਦੀ ਢਾਂਚੇ ਵਿੱਚ ਨੀਤੀ ਬਣਾਉਣ ਵਿੱਚ ਆਈਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਨੇ ਜਨਤਕ ਪ੍ਰਾਈਵੇਟ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਵਧੀਆ ਮਾਹੌਲ ਪੈਦਾ ਕਰਨ ਲਈ ਕਿਹਾ। ਦੇਸ਼ ਭਰ ਵਿੱਚ ਇਸ ਸਮੇਂ 450 ਜਨਤਕ ਪ੍ਰਾਈਵੇਟ ਭਾਈਵਾਲੀ ਵਾਲੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ ਜਿਸ ਉਤੇ 47.7 ਬਿਲੀਅਨ ਖਰਚ ਆਉਣ ਦਾ ਅਨੁਮਾਨ ਹੈ। ਭਾਰਤ ਇਸ ਮੁੱਦੇ ਉਤੇ ਆਪਣਾ ਤਜ਼ਰਬਾ ਕੋਲੰਬੋ ਯੋਜਨਾ ਦੇ ਦੂਜੇ ਮੈਂਬਰਾਂ ਨਾਲ ਸਾਂਝਾ ਕਰਨ ਅਤੇ ਉਨ੍ਹਾਂ ਦਾ ਅਭਿਆਸ ਸਿੱਖਣ ਲਈ ਤਿਆਰ ਹੈ।

ਹਰਿਆਣਾ ਨੂੰ ਆਪਣੇ ਹਿੱਸੇ ਦਾ ਪਾਣੀ ਮਿਲੇ-ਅਜੈ ਸਿੰਘ ਯਾਦਵ

ਚੰਡੀਗੜ੍ਹ, 10 ਫਰਵਰੀ (ਵਿਸ਼ਵ ਵਾਰਤਾ)- ਹਰਿਆਣਾ ਦੇ ਸਿੰਚਾਈ ਮੰਤਰੀ ਕੈਪਟਨ ਅਜੈ ਸਿੰਘ ਯਾਦਵ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਪੰਜਾਬ ਸਰਕਾਰ ਦੁਆਰਾ ਤਿਆਰ ਕੀਤੀ ਜਾ ਰਹੀ ਸ਼ਾਹਪੁਰ ਕੰਡੀ ਯੋਜਨਾ ਦਾ ਹਰੇਕ ਪੱਧਰ 'ਤੇ ਵਿਰੋਧ ਕੀਤਾ ਅਤੇ ਇਸ ਦੇ ਬਾਰੇ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਅਤੇ ਉਨ੍ਹਾਂ ਨੇ ਖੁਦ ਪੱਤਰ ਲਿਖ ਕੇ ਇਤਰਾਜ਼ ਦਰਜ ਕਰਵਾਇਆ ਹੈ । ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੈਪਟਨ ਯਾਦਵ ਨੇ ਕਿਹਾ ਕਿ ਇਹ ਮਾਮਲਾ ਅੰਤਰ ਰਾਜੀ ਮਾਮਲਾ ਹੈ ਅਤੇ ਹਰਿਆਣਾ ਰਾਜ ਇਸ ਮਾਮਲੇ ਵਿਚ ਕੋਬੇਸਨ ਸਟੇਟ ਹੈ। ਉਨ੍ਹਾਂ ਨੇ ਕਿਹਾ ਕਿ ਥੀਨ ਡੈਮ 'ਤੇ ਹਰਿਆਣਾ ਦਾ ਵੀ ਹਿੱਸਾ ਹੈ, ਕਿਉਂਕਿ ਰਵੀ-ਬਿਆਸ ਨਦੀ 'ਤੇ ਬਣਿਆ ਹੋਇਆ ਹੈ ਅਤੇ ਹਰਿਆਣਾ ਨੂੰ ਆਪਣੇ ਹਿੱਸੇ ਦਾ ਪਾਣੀ ਮਿਲਣਾ ਚਾਹੀਦਾ ਹੈ । ਇਕ ਸੁਆਲ ਦੇ ਜਵਾਬ ਵਿਚ ਸਿੰਚਾਈ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਾਲ-ਨਾਲ ਦਸ਼ਮੇਸ਼ ਨਹਿਰ ਬਣਾਉਣਾ ਚਾਹੁੰਦੀ ਹੈ ਅਤੇ ਇਹ ਪਰਿਯੋਜਨਾ ਤਿਆਰ ਕਰਕੇ ਕੇਂਦਰੀ ਜਲ ਕਮਿਸ਼ਨ ਨੂੰ ਭੇਜੀ ਜਾਵੇਗੀ। ਹਰਿਆਣਾ ਸਰਕਾਰ ਇਸ ਦਾ ਹਰੇਕ ਪੱਧਰ 'ਤੇ ਵਿਰੋਧ ਕਰੇਗੀ, ਕਿਉਂਕਿ ਪੰਜਾਬ ਸਰਕਾਰ ਇਸ ਦੇ ਤਹਿਤ ਬਿਆਸ ਨਦੀ ਦਾ ਪਾਣੀ ਲੈ ਜਾਣਾ ਚਾਹੁੰਦੀ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਸਰਕਾਰ ਜਿਸ ਤਰ੍ਹਾਂ ਨਾਲ ਆਪਣੇ ਹਿੱਸੇ ਦਾ ਪਾਣੀ ਕਿਧਰੇ ਵੀ ਵਰਤੋਂ ਕਰਨ ਦੇ ਲਈ ਆਜ਼ਾਦ ਹੈ, ਉਸੇ ਤਰ੍ਹਾਂ ਨਾਲ ਹਰਿਆਣਾ ਸਰਕਾਰ ਆਪਣੇ ਹਿੱਸੇ ਦਾ ਪਾਣੀ ਆਪਣੀ ਮਰਜ਼ੀ ਨਾਲ ਵਰਤੋਂ ਕਰਨ ਲਈ ਆਜ਼ਾਦ ਹੈ। ਕੈਪਟਨ ਯਾਦਵ ਨੇ ਕਿਹਾ ਕਿ ਅਕਾਲੀ ਦਲ ਅਤੇ ਇਨੈਲੋ ਪਾਰਟੀ ਦੀ ਆਪਸੀ ਵਿਚ ਗਠਜੋੜ ਹੈ ਅਤੇ ਇਕ ਦੂਜੇ ਨਾਲ ਮਿਲੇ ਹੋਏ ☛(ਬਾਕੀ ਸਫਾ 2 'ਤੇ)

ਪੰਜਾਬ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਲਈ 40 ਲੱਖ 20 ਹਜ਼ਾਰ ਦੀ ਗ੍ਰਾਂਟ ਜਾਰੀ

ਨਵੀਂ ਦਿੱਲੀ, 10 ਫਰਵਰੀ (ਵਿਸ਼ਵ ਵਾਰਤਾ)-ਚਾਲੂ ਮਾਲੀ ਵਿੱਤੀ ਵਰ੍ਹੇ ਦੌਰਾਨ ਕੌਮੀ ਪੇਂਡੂ ਸਾਫ ਪੀਣ ਵਾਲੇ ਪਾਣੀ ਦੀ ਸਪਲਾਈ ਸਕੀਮ ਹੇਠ ਪੇਂਡੂ ਖੇਤਰਾਂ ਦੇ ਸਾਰੇ ਪਰਿਵਾਰਾਂ ਲਈ ਸਾਫ ਪੀਣ ਵਾਲੀ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਪੇਂਡੂ ਵਿਕਾਸ ਮੰਤਰਾਲੇ ਵੱਲੋਂ ਕੁੱਲ 115 ਲੱਖ 28 ਹਜ਼ਾਰ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਵਿੱਚ ਕੇਰਲਾ ਦੇ 65 ਲੱਖ 08 ਹਜ਼ਾਰ, ਨਾਗਾਲੈਂਡ ਦੇ 10 ਲੱਖ ਅਤੇ ਪੰਜਾਬ ਰਾਜ ਦੇ 40 ਲੱਖ 20 ਹਜ਼ਾਰ ਰੁਪਏ ਹਨ।

ਓਕਸਫੋਰਡ ਯੂਨੀਵਰਸਿਟੀ ਟਰੱਸਟ ਵੱਲੋਂ ਮੌਨਟੇਕ ਸਿੰਘ ਆਹਲੂਵਾਲੀਆ 'ਤੇ ਕਿਤਾਬ ਰਿਲੀਜ਼

ਨਵੀਂ ਦਿੱਲੀ, 10 ਫਰਵਰੀ (ਵਿਸ਼ਵ ਵਾਰਤਾ)-ਅੱਜ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਲੋਧੀ ਸਟੇਟ ਵਿਖੇ ਭਾਰਤ ਦੇ ਮਸ਼ਹੂਰ ਅਰਥ ਸਾਸ਼ਤਰੀ ਸ੍ਰੀ ਮੌਨਟੇਕ ਸਿੰਘ ਆਹਲੂਵਾਲੀਆ ਦੇ ਬਾਰੇ ਕਿਤਾਬ ਇੰਡੀਆ ਇਕਨੌਮੀ ਪਰਫਾਰਮਸਿਸ ਅਤੇ ਚੈਲੰਜ ਦੇ ਉਤੇ ਕਿਤਾਬ ਰਿਲੀਜ਼ ਕੀਤੀ ਗਈ। ਜਿਸ ਦਾ ਨਾਂ ਇੰਡੀਆ ਇਕਨੌਮਿਕਸ ਹੈ। ਇਹ ਕਿਤਾਬ ਭਾਰਤ ਦੇ ਮਨੁੱਖੀ ਸਰੋਤਾਂ ਬਾਰੇ ਮੰਤਰੀ ਸ੍ਰੀ ਕਪਿਲ ਸਿੱਬਲ ਨੇ ਰਿਲੀਜ਼ ਕੀਤੀ। ਇਸ ਕਿਤਾਬ ਦਾ ਮੁੱਖਬੰਦ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲਿਖਿਆ ਹੈ। ਇਸ ਕਿਤਾਬ ਵਿਚ ਦੇਸ਼ ਦੇ ਮੰਨੇ-ਪ੍ਰਮੰਨੇ 13 ਅਰਥ ਸਾਸ਼ਤਰੀਆਂ ਵੱਲੋਂ ਸ੍ਰੀ ਮੌਨਟੇਕ ਸਿੰਘ ਆਹਲੂਵਾਲੀਆ ਬਾਰੇ ਲਿਖਿਆ ਗਿਆ ਹੈ। ਇਸ ਸਮਾਗਮ ਵਿਚ ਆਪਣੇ ਉਦਘਾਟਨੀ ਭਾਸ਼ਣ ਵਿਚ ਸ੍ਰੀ ਕਪਿਲ ਸਿੱਬਲ ਨੇ ਕਿਹਾ ਕਿ ਦੇਸ਼ ਆਉਣ ਵਾਲੀਆਂ ਸ਼ਤਾਬਦੀਆਂ ਵਿਚ ਸ੍ਰੀ ਮੌਨਟੇਕ ਸਿੰਘ ਨੂੰ ਯਾਦ ਰੱਖੇਗਾ। ਇਸ ਮੌਕੇ ਉਤੇ ਸ੍ਰੀ ਮੌਨਟੇਕ ਸਿੰਘ ਆਹਲੂਵਾਲੀਆ ਨੇ ਦਿੱਤੇ ਜਾ ਰਹੇ ਦੇਸ਼ ☛(ਬਾਕੀ ਸਫਾ 2 'ਤੇ)

ਪ੍ਰਧਾਨ ਮੰਤਰੀ ਨੇ ਲਿਖਿਆ ਮੁੱਖਬੰਦ

ਰਾਠੌੜ ਦੀ ਪਟੀਸ਼ਨ 'ਤੇ ਸੁਣਵਾਈ 10 ਮਾਰਚ ਤੱਕ ਟਲੀ

ਚੰਡੀਗੜ੍ਹ, 10 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਰੁਚਿਕਾ ਛੇੜਛਾੜ ਮਾਮਲੇ ਵਿੱਚ ਮੁੱਖ ਦੋਸ਼ੀ ਹਰਿਆਣਾ ਦੇ ਸਾਬਕਾ ਡੀ.ਜੀ.ਪੀ., ਐਸ.ਪੀ.ਐਸ. ਰਾਠੌੜ ਦੀ ਪਟੀਸ਼ਨ 'ਤੇ ਸੁਣਵਾਈ 10 ਮਾਰਚ ਤੱਕ ਟਲ਼ ਗਈ ਹੈ। ਰਾਠੌੜ ਨੇ ਇਸ ਮਾਮਲੇ ਵਿੱਚ ਉਸ ਨੂੰ ਮਿਲੀ 6 ਮਹੀਨੇ ਦੀ ਸਜ਼ਾ ਖ਼ਿਲਾਫ ਸਥਾਨਿਕ ਅਦਾਲਤ ਵਿੱਚ ਅਰਜ਼ੀ ਦਾਖ਼ਲ ਕੀਤੀ ਸੀ। ਅਦਾਲਤ ਨੇ ਕਿਹਾ ਕਿ ਦੋ ਦਿਨ ਪਹਿਲਾਂ ਕੋਰਟ ਦੇ ਬਾਹਰ ਹੋਏ ਹਮਲੇ ਤੋਂ ਰਾਠੌੜ ਹਾਲੇ ਉਭਰ ਰਹੇ ਹਨ। ਇਸ ਲਈ ਉਹਨਾਂ ਦੀ ਸਿਹਤ ਨੂੰ ਦੇਖਦੇ ਹੋਏ ਮਾਮਲੇ ਦੀ ਸੁਣਵਾਈ ਫਿਲਹਾਲ ਮੁਲਤੱਵੀ ਕੀਤੀ ਜਾ ਰਹੀ ਹੈ। ਵਧੀਕ ਜ਼ਿਲਾ ਅਤੇ ਸ਼ੈਸ਼ਨ ਜੱਜ ਆਰ.ਐਸ. ਅੱਤਰੀ ਨੇ ਅੱਜ ਮਾਮਲੇ ਦੀ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਸੁਣਵਾਈ ਦੇ ਸਮੇਂ ਰਾਠੌੜ ਦੀ ਪਤਨੀ ਅਤੇ ਵਕੀਲ ਆਭਾ ਰਾਠੌੜ ਅਦਾਲਤ ਵਿੱਚ ਮੌਜੂਦ ਸੀ। ਜ਼ਿਕਰਯੋਗ ਹੈ ਕਿ ਬੀਤੇ ਸੋਮਵਾਰ ਨੂੰ ਰਾਠੌੜ 'ਤੇ 29 ਸਾਲਾ ਇੱਕ ਵਿਦਿਆਰਥੀ ਉਤਸਵ ਸ਼ਰਮਾ ਨੇ ਚਾਕੂ ਨਾਲ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿੱਚ ਰਾਠੌੜ ਨੂੰ ਚਿਹਰੇ 'ਤੇ ਸੱਟ ਲੱਗੀ ਸੀ। ਫਿਲਹਾਲ ਹਮਲੇ ਦਾ ਕਾਰਨ ਸਪੱਸ਼ਟ ਨਹੀਂ ਹੋ ਸਕਿਆ ਹੈ। ਹਮਲਾਵਰ ਉਤਸਵ ਸ਼ਰਮਾ ਨੂੰ ਮਾਨਸਿਕ ਤੌਰ ਤੋਂ ਬਿਮਾਰ ਦੱਸਿਆ ਜਾ ਰਿਹਾ ਹੈ।

ਧਾਲੀਵਾਲ ਦੇ ਤਪਾ ਮਾਰਕੀਟ ਕਮੇਟੀ ਦੇ ਚੇਅਰਮੈਨ ਬਨਣ 'ਤੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ

ਤਪਾ ਮੰਡੀ, 10 ਫਰਵਰੀ (ਯਾਦੂ ਭੁੱਲਰ) ਸਥਾਨਕ ਸ਼ਹਿਰ ਦੀ ਮਾਰਕੀਟ ਕਮੇਟੀ ਦਾ ਚੇਅਰਮੈਨ ਸਰਪੰਚ ਗੁਰਜੰਟ ਸਿੰਘ ਦਰਾਜ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੇ ਅਖੀਰ ਸਿਆਸੀ ਗਤੀਵਿਧੀਆਂ ਤੋਂ ਬਾਅਦ ਬਣਾ ਦਿੱਤਾ। ਜਿਸ ਕਾਰਨ ਪੂਰੇ ਖੇਤਰ ਵਿੱਚ ਇੱਕ ਵਾਰ ਸਿਆਸੀ ਹਵਾ ਗਰਮ ਹੋ ਗਈ ਕਿਉਕਿ ਥਾਂ-ਥਾਂ ਉਪਰ ਗੁਰਜੰਟ ਸਿੰਘ ਦੇ ਚੇਅਰਮੈਨ ਬਣਨ ਉਪਰ ਲੋਕਾਂ ਨੇ ਲੱਡੂ ਵੰਡੇ। ਇਸ ਮੌਕੇ ਅਕਾਲੀ ਆਗੂ ਐਸ. ਕੁਮਾਰ ਦੀ ਦੁਕਾਨ ਉਪਰ ਸਰਪੰਚ ਗੁਰਜੰਟ ਸਿੰਘ ਦਾ ਉਸਦੇ ਹਮਾਇਤੀਆਂ ਨਾਗਰ ਸਿੰਘ ਨਾਗੋ ਸਾਬਕਾ ਪ੍ਰਧਾਨ ਨਗਰ ਕੌਂਸਲ, ਪੰਚ ਸਾਧੂ ਸਿੰਘ ਔਲਖ, ਜਗਸੀਰ ਸਿੰਘ ਜੱਗਾ, ਪ੍ਰਧਾਨ ਕੋਅਪ੍ਰੇਟਿਵ ਸੁਸਾਇਟੀ, ਪੰਚ ਕੁਲਬੀਰ ਸੰਧੂ, ਪੰਚ ਮਲਕੀਤ ਸਿੰਘ, ਬੇਅੰਤ ਸਿੰਘ, ਕੁਲਵਿੰਦਰ ਸਿੰਘ ਘੁੱਲਾ, ਮੈਂਬਰ ਬਲਾਕ ਸਮੰਤੀ, ਪੰਚ ਰੇਸ਼ਮ ਸਿੰਘ, ਜਗਤਾਰ ਬਾਲਾ, ਬਿੰਦਰ ਸਿੰਘ ਪ੍ਰਧਾਨ ਨਗਰ ਕੌਂਸਲ ਤਪਾ, ਬੰਟੀ ਦੀਕਸ਼ਤ, ਟੀਟੂ ਦੀਕਸ਼ਤ, ਗੁਰਬਿੰਦਰ ਬਾਸੀ ਸ਼ਹਿਰੀ ਪ੍ਰਧਾਨ ਯੂਥ ਵਿੰਗ ਆਦਿ ਤੋਂ ਇਲਾਵਾ ਸਰਪੰਚ ਗੁਰਜੰਟ ਸਿੰਘ ਦੇ ਹਮਾਇਤੀਆਂ ਨੇ ਉਸਨੂੰ ਵਧਾਈਆਂ ਦਿੱਤੀਆਂ ਤੇ ਮੌਜੂਦਾ ਚੇਅਰਮੈਨ ਨੇ ਇਸ ਮੌਕੇ ਬਜੁਰਗਾਂ ਦੇ ਪੈਰੀ ਹੱਥ ਲਗਾ ਕੇ ਅਸ਼ੀਰਵਾਦ ਪ੍ਰਾਪਤ

ਪਿੰਡ ਬੁਹਜ ਦੇ ਸਰਪੰਚ ਨੂੰ ਸਰਪੰਚੀ ਤੋਂ ਲਾਹੁਣ ਲਈ ਪੰਚਾਇਤ ਮੈਂਬਰ ਇੱਕਜੁੱਟ

ਮੌੜ ਮੰਡੀ, 10 ਫਰਵਰੀ (ਸ਼ਾਮ ਲਾਲ ਜੋਧਪੁਰੀਆ)- ਬਲਾਕ ਮੌੜ ਦੇ ਸਰਪੰਚ ਯੂਨੀਅਨ ਦੇ ਪ੍ਰਧਾਨ ਅਤੇ ਮਾਰਕੀਟ ਕਮੇਟੀ ਮੌੜ ਦੇ ਚੇਅਰਮੈਨੀ ਦੇ ਚਾਹਵਾਨ ਪਿੰਡ ਬੁਹਜ ਦੇ ਸਰਪੰਚ ਹਰਵਿੰਦਰ ਸਿੰਘ ਨੂੰ ਅੱਜ ਉਸ ਸਮੇਂ ਜ਼ਬਰਦਸਤ ਧੱਕਾ ਲੱਗਾ ਜਦ ਪਿੰਡ ਦੇ ਨੌਂ ਪੰਚਾਇਤ ਮੈਂਬਰਾਂ ਵਿੱਚੋਂ ਸੱਤ ਮੈਂਬਰਾਂ ਨੇ ਸਰਪੰਚ ਖਿਲਾਫ ਬਗਾਵਤ ਦਾ ਝੰਡਾ ਖੜ੍ਹਾ ਕਰਦਿਆਂ ਇੱਕ ਬੇਵਸਾਹੀ ਮਤਾ ਪਾ ਕੇ ਲਿਖਤੀ ਰੂਪ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਭੇਜਣ ਦੇ ਨਾਲ-ਨਾਲ ਸਥਾਨਿਕ ਬੀ.ਡੀ.ਪੀ.ਓ. ਦੇ ਦਫਤਰ ਅੰਦਰ ਮੌਜੂਦ ਉੱਚ ਅਧਿਕਾਰੀਆਂ ਨੂੰ ਦੇ ਕੇ ਪਿੰਡ ਅੰਦਰ ਪ੍ਰਸ਼ਾਸਨਿਕ ਨਿਯੁਕਤ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਪੰਚਾਇਤ ਮੈਂਬਰਾਂ ਮਨਜੀਤ ਕੌਰ, ਰਾਜ ਕੌਰ, ਸੁਖਪਾਲ ਕੌਰ, ਜੱਗਾ ਸਿੰਘ, ਭੂਰਾ ਰਾਮ, ਸੁਰਿੰਦਰਪਾਲ ਸਿੰਘ ਅਤੇ ਪਰਮਜੀਤ ਕੌਰ ਨੇ ਕਿਹਾ ਕਿ ਹਰਵਿੰਦਰ ਸਿੰਘ ਨੂੰ ਪਿੰਡ ਦਾ ਸਰਪੰਚ ਬਣਾਉਣ ਸਮੇਂ ਉਨ੍ਹਾਂ ਨਾਲ ਪਿੰਡ ਦੇ ਵਿਕਾਸ ਕੰਮਾਂ ਸੰਬੰਧੀ ਗੱਲਾਂ ਕੀਤੀਆਂ ਗਈਆਂ ਸਨ, ਪ੍ਰੰਤੂ ਸਰਪੰਚ ਬਣਨ ਉਪਰੰਤ ਹਰਵਿੰਦਰ ਸਿੰਘ ਵੱਲੋਂ ਪਿੰਡ ਅੰਦਰ ਕਰਵਾਏ ਜਾ ਰਹੇ ਕੰਮਾਂ ਸੰਬੰਧੀ ਕਿਸੇ ਪੰਚਾਇਤ ਮੈਂਬਰ ☛(ਬਾਕੀ ਸਫਾ 2 'ਤੇ)

ਵੱਖ ਵੱਖ ਥਾਈਂ ਬਿਜਲੀ ਕਾਮਿਆਂ ਵੱਲੋਂ ਮੁਕੰਮਲ ਹੜਤਾਲ

ਮਹਿਲ ਕਲਾਂ, 10 ਫਰਵਰੀ (ਬਲਵਿੰਦਰ ਵਜੀਦਕੇ)-ਟੈਕਨੀਕਲ ਸਰਵਿਸਿਜ਼ ਯੂਨੀਅਨ (ਰਜਿ.) ਪੰਜਾਬ ਅਤੇ ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਸਟੇਟ ਕਮੇਟੀ ਦੇ ਸੱਦੇ ਤੇ ਇੱਕ ਰੋਜ਼ਾ ਹੜਤਾਲ ਕੀਤੀ ਅਤੇ 66 ਕੇ.ਵੀ. ਗਰਿੱਡ ਮਹਿਲ ਕਲਾਂ ਵਿਖੇ ਗੇਟ ਰੈਲੀ ਕੀਤੀ ਗਈ, ਜਿਸ ਦੀ ਪ੍ਰਧਾਨਗੀ ਸਾਖੀ ਰਾਮ ਲਖਨ ਪਾਲ ਸਬ-ਡਵੀਜ਼ਨ ਪ੍ਰਧਾਨ ਨੇ ਕੀਤੀ। ਇਸ ਪੜਤਾਲ ਦਾ ਮੁੱਖ ਮੰਤਵ ਬਿਜਲੀ ਐਕਟ-2003 ਨੂੰ ਰੱਦ ਕਰਵਾਉਣ ਅਤੇ ਬੋਰਡ ਦੇ ਨਿੱਜੀਕਰਨ/ਨਿਗਮੀਕਰਨ ਦਾ ਵਿਰੋਧ ਕਰਨਾ ਸੀ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸਕੱਤਰ ਜਗਜੀਤ ਸਿੰਘ ਧਨੇਰ ਨੇ ਕਿਹਾ ਕਿ ਪੰਜਾਬ ਸਰਕਾਰ ਬੋਰਡ ਦੇ ਮੈਨੇਜਮੈਂਟ ਨਾਲ ਮਿਲ ਕੇ ਬੋਰਡ ਦਾ ਨਿੱਜੀਕਰਨ-ਨਿਗਮੀਕਰਨ ਦਾ ਵਿਰੋਧ ਕਰਨਾ ਸੀ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸਕੱਤਰ ਜਗਮੀਤ ਸਿੰਘ ਧਨੇਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੈਨੇਜਮੈਂਟ ਨਾਲ ਮਿਲ ਕੇ ਬੋਰਡ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ। ਇਹ ਸਭ ਕੁੱਝ ਕੇਂਦਰ ਸਰਕਾਰ ਦੇ ਇਸਾਰੇ ਤੇ ਹੀ ਹੋ ਰਿਹਾ ਹੈ। ਇਸ ਸਮੇਂ ਇੱਕ ਮਤੇ ਰਾਹੀਂ ਜੇਲ੍ਹਾਂ ਵਿੱਚ ਬੰਦ ਈ.ਟੀ.ਟੀ. ਅਧਿਆਪਕਾਂ ਅਤੇ ਬੇਰੁਜ਼ਗਾਰ ਲਾਈਨਮੈਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। 13 ਫਰਵਰੀ ਨੂੰ ਈ.ਟੀ.ਟੀ. ਅਧਿਆਪਕਾਂ ਵੱਲੋਂ ਲੰਬੀ ਵਿਖੇ ਕੀਤੀ ਜਾ ਰਹੀ। ਪੂਰਨ ਹਿਮਾਇਤ ਅਤੇ ਇੱਕ ਜੱਥੇ ਵੱਲੋਂ ਲੰਬੀ ਜਾਣ ਦਾ ਐਲਾਨ ਵੀ ਕੀਤਾ ਗਿਆ। ਇਸ ਮੌਕੇ ਏਟਕ ਆਗੂ ਪਾਰਸ, ਟੀ.ਐੱਸ.ਯੂ. ਦੇ ਆਗੂ ਕੁਲਦੀਪ ਸਿੰਘ ਸਹਿਜੜਾ, ਭੁਪਿੰਦਰ ਸਿੰਘ ਗੋਬਿੰਦਗੜ੍ਹ, ਸ੍ਰੀ ਜਗਦੀਸ਼ ਚੰਦ, ਗੁਰਜੰਟ ਸਿੰਘ, ਕੁਲਵੀਰ ਸਿੰਘ ਔਲਖ, ਰਾਜਿੰਦਰਪਾਲ ਖਿਆਲੀ, ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਅਖੀਰ ਵਿੱਚ ਪੰਜਾਬ ਸਰਕਾਰ ਅਤੇ ਬੋਰਡ ਮੈਨੇਜਮੈਂਟ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ । ਇਸੇ ਤਰ੍ਹਾਂ ਸਬ ਡਵੀਜ਼ਨ ਠੁੱਲੀਵਾਲ ਵਿਖੇ ਸਾਥੀ ਅਮਰਜੀਤ ਸਿੰਘ ਮਿੱਠੇਵਾਲ ਦੀ ਪ੍ਰਧਾਨਗੀ ਹੇਠ ਮੁਕੰਮਲ ਹੜਤਾਲ ਅਤੇ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਭਾਗ ਸਿੰਘ ਕੁਰੜ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਅਤੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸੰਘਰਸ਼ ਇੱਕਲੇ ਬਿਜਲੀ ਮੁਲਾਜ਼ਮਾਂ ਦਾ ਨਹੀਂ, ਸਗੋਂ ਕਿਸਾਨਾਂ ਅਤੇ ਮੁਲਾਜ਼ਮਾਂ ਦਾ ਸਾਂਝਾ ਸੰਘਰਸ਼ ਹੈ।

ਕੁਹਾੜਾ ਤੋਂ ਗੁਰਨਾਮ ਅਨੁਸਾਰ-ਪੰਜਾਬ ਰਾਜ ਬਿਜਲੀ ਬੋਰਡ ਨੂੰ ਬਿਜਲੀ ਐਕਟ 2003 ਤਹਿਤ ਨਿਗਮਾਂ ਵਿੱਚ ਵੰਡਣ ਦੇ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਖਿਲਾਫ ਅੱਜ ਸਮੁੱਚੇ ਬਿਜਲੀ ਮੁਲਾਜ਼ਮਾਂ ਦੇ ਮੁਕੰਮਲ ਹੜਤਾਲ ਕੀਤੀ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਟੀ.ਐੱਸ.ਯੂ. ਦੇ ਸਬ ਡਵੀਜ਼ਨ ਕੁਹਾੜਾ ਦੇ ਜਨਰਲ ਸਕੱਤਰ ਦਰਸ਼ਨ ਸਿੰਘ ਢੰਡਾ ਨੇ ਦੱਸਿਆ ਕਿ ਬਿਜਲੀ ਮੁਲਾਜ਼ਮਾਂ ਦੀਆਂ ਸਮੁੱਚੀਆਂ ਜੱਥੇਬੰਦੀਆਂ ਦੇ ਫੈਸਲੇ ਅਨੁਸਾਰ ਇਸ ਹੜਤਾਲ ਦੇ ਸਾਰੇ ਬਿਜਲੀ ਕੇਂਦਰ, ਦਫਤਰ, ਕੈਸ਼ ਕਾਊਂਟਰ ਬੰਦ ਰਹੇ। ਬਿਜਲੀ ਘਰਾਂ ਦੇ ਉੱਚ-ਅਧਿਕਾਰੀ ☛(ਬਾਕੀ ਸਫਾ 2 'ਤੇ)

ਮੰਗਾਂ ਮਨਾਉਣ ਲਈ ਵਿਮੁਕਤ ਜਾਤੀ ਸਰਬ ਸੰਗਠਨ ਮੰਚ ਐਕਸ਼ਨ ਕਮੇਟੀ ਦਾ ਗਠਨ

ਜਲੰਧਰ, 10 ਫਰਵਰੀ (ਹਰਪ੍ਰੀਤ ਸਿੰਘ ਲੇਹਿਲ)-ਵਿਮੁਕਤ ਜਾਤੀਆਂ ਨੂੰ ਇਕ ਮੰਚ ਤੇ ਇਕੱਠਾ ਕਰਨ ਲਈ ਆਲ ਇੰਡੀਆ ਸਾਂਸੀ

ਮਲ ਸਮਾਜ ਦੇ ਪੰਜਾਬ ਪ੍ਰਧਾਨ ਮਾ: ਚਰਨ ਦਾਸ ਵੱਲੋਂ ਜਲੰਧਰ ਕੈਂਟ ਦੇ ਗੁਰਦੁਆਰਾ ਬਾਬਾ ਬੁੱਢਾ ਜੀ ਦਕੋਹਾ ਵਿਖੇ ਭਰਵੀਂ ਮੀਟਿੰਗ ਸੱਦੀ ਗਈ, ਜਿਸ 'ਚ ਸਰਕਾਰ ਤੋਂ ਮੰਗਾਂ ਮਨਾਉਣ ਲਈ ਵਿਮੁਕਤ ਜਾਤੀ ਸਰਬ ਸੰਗਠਨ ਮੰਚ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ। ਮੀਟਿੰਗ ਦੌਰਾਨ ਮੈਂਬਰ ਵਰਕਿੰਗ ਕਮੇਟੀ ਸ਼੍ਰੋਮਣੀ ਅਕਾਲੀ ਦਲ (ਬ) ਪ੍ਰਧਾਨ ਵਿਮੁਕਤ ਜਾਤੀ ਤਰਸੇਮ ਸਿੰਘ ਮਾਹਲਾ ਨੇ ਸਰਕਾਰ ਤੋਂ ਹੱਕ ਲੈ ਕੇ ਦੇਣ ਲੁਧਿਆਣਾ ਤੇ ਅੰਮ੍ਰਿਤਸਰ 'ਚ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਣਾ ਪ੍ਰਤਾਪ ਦੀਆਂ ਯਾਦਗਾਰਾਂ ਛੇਤੀ ਤੋਂ ਛੇਤੀ ਤਮੀਲ ਕਰਾਉਣ ਦਾ ਵਿਸ਼ਵਾਸ ਦਿਵਾਇਆ। ਸਮਾਜ ਦੇ ਪ੍ਰਧਾਨ ਸਮੇਤ ਆਗੂਆਂ ਤਰਲੋਚਨ ਸਿੰਘ, ਚਰਨ ਦਾਸ, ਅਸ਼ੋਕ ਹੀਬਾ, ਸੀਨੀਅਰ ਆਗੂ ਸੁਖਦੇਵ ਸਿੰਘ ਮਾਹਲਾ ਤੇ ਵਿਮੁਕਤ ਚੇਤਨਾ ਮੰਚ ਦੇ ਪ੍ਰਧਾਨ ਕੁਲਵੰਤ ਸਿੰਘ ਮਾਹਲਾ ਆਦਿ ਨੇ ਬੋਲਦਿਆਂ ਕੇਂਦਰ ਸਰਕਾਰ ਨੂੰ ਸਾਢੇ 7 ਫੀਸਦੀ ਰਿਜ਼ਰਵੇਸ਼ਨ ਕੋਟਾ ਤੇ ਰਾਜ ਸਰਕਾਰ ਵੱਲੋਂ ਦਿੱਤਾ 2% ਕੋਟਾ ਬਿਨਾਂ ਸ਼ਰਤ ਲਾਗੂ ਕਰਨ ਤੇ ਆਉਂਦੀਆਂ ਚੋਣਾਂ 'ਚ ਵਿਮੁਕਤ ਜਾਤੀਆਂ ਨੂੰ ਹਿੱਸੇਦਾਰੀ ਤੇ ਬਣਦੇ ਹੱਕ ਦੇਣ ਲਈ ਕਿਹਾ। ਅਜਿਹਾ ਨਾ ਕਰਨ ਤੇ ਸਰਕਾਰ ਨੂੰ ਇਸ ਦਾ ਖਮਿਆਜ਼ਾ ਭੁਗਤਨਾ ਪੈ ਸਕਦਾ ਹੈ। ਸ. ਦਲੀਪ ਸਿੰਘ ਮਾਹਲਾ ਨੇ ਵਰਕਰਾਂ ਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਦਵਾਰਕਾ ਦਾਸ, ਹੰਸ ਰਾਜ, ਸੱਜਣ ਸਿੰਘ, ਸੁਖਦੇਵ ਰਾਜ, ਕਰਮ ਸਿੰਘ ਭੱਟੀ, ਮਹਿੰਦਰ ਪਾਲ ਕੈਲੇ, ਰੋਸ਼ਨ ਸਿੰਘ ਮਾਹਲਾ ਆਦਿ ਵਿਮੁਕਤ ਸਮਾਜ ਦੇ ਆਗੂਆਂ ਨੇ ਵੀ ਹਾਜ਼ਰੀ ਲਗਵਾਈ। ਡੇਰੇ ਦੇ ਸੰਚਾਲਕ ਬਾਬਾ ਭਗਵੰਤ ਭਜਨ ਸਿੰਘ ਜੀ ਦੀ ਧਰਮ ਪਤਨੀ ਸ੍ਰੀਮਤੀ ਹਰਮੋਹਿੰਦਰ ਕੌਰ ਹੋਰਾਂ ਨੇ ਵੀ ਸਾਂਸੀ ਸਮਾਜ ਨੂੰ ਉੱਚਾ ਚੁੱਕਣ ਲਈ ਹਰ ਤਰ੍ਹਾਂ ਦੀ ਮੱਦਦ ਕਰਨ ਦਾ ਵਿਸ਼ਵਾਸ ਦਿਵਾਇਆ।

ਪੰਜਾਬ ਵਿਚ ਅੱਧੇ ਦਿਨ ਦੀ ਛੁੱਟੀ

ਚੰਡੀਗੜ੍ਹ,10 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਸਰਕਾਰ ਦੇ ਚੰਡੀਗੜ੍ਹ ਵਿਖੇ ਸਥਿਤ ਸਾਰੇ ਦਫਤਰ ਅਤੇ ਬੋਰਡਾਂ ਅਤੇ ਕਾਰਪੋਰੇਸ਼ਨਾ ਦੇ ਦਫਤਰ ਅਤੇ ਵਿਦਿਅਕ ਅਦਾਰਿਆਂ ਵਿਚ 10 ਫਰਵਰੀ 2010 (ਬੁਧਵਾਰ) ਨੂੰ ਦੂਜੇ ਅੱਧੇ ਦਿਨ ਦੌਰਾਨ ਛੁੱਟੀ ਰਹੇਗੀ ਤਾਂ ਜੋ ਸਰਕਾਰੀ ਮੁਲਾਜਮ ਸ਼੍ਰੀ ਮਹਾਸਿਵਰਾਤਰੀ ਪਰਵ ਦੇ ਸਬੰਧ ਵਿੱਚ ਕੱਢੀ ਜਾ ਰਹੀ ਸੋਭਾ ਯਾਤਰਾ ਵਿੱਚ ਹਿਸਾ ਲੈ ਸੱਕਣ। ਪੰਜਾਬ ਸਰਕਾਰ ਦੇ ਬਾਕੀ ਰਾਜ ਵਿਚ ਸਥਿਤ ਸਾਰੇ ਦਫਤਰ, ਬੋਰਡਾਂ, ਕਾਪੋਰੇਸ਼ਨਾਂ ਦੇ ਦਫਤਰ ਅਤੇ ਵਿਦਿਅਕ ਅਦਾਰੇ 11 ਫਰਵਰੀ, 2010(ਵੀਰਵਾਰ) ਨੂੰ ਦੂਜੇ ਅੱਧੇ ਦਿਨ ਦੌਰਾਨ ਬੰਦ ਰਹਿਣਗੇ। ਇਸ ਸੰਬਧੀ ਨੋਟੀਫਿਕੇਸ਼ਨ ਰਾਜ ਦੇ ਸਾਰੇ ਵਿਭਾਗਾਂ ਦੇ ਮੁੱਖੀਆਂ ਅਤੇ ਬੋਰਡਾਂ ਕਾਰਪੋਰੇਸ਼ਨਾਂ ਦੇ ਮੈਨੇਜਿੰਗ ਡਾਇਰੈਕਟਰਾਂ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਰਜਿਸਟਰਾਰ, ਸਾਰੀਆਂ ਡਵੀਜ਼ਨਾਂ ਦੇ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਡੀ.ਐਮਜ਼ ਨੂੰ ਭੇਜ਼ ਦਿਤਾ ਹੈ।

ਬਾਬਾ ਸੁੱਖਾ ਸਿੰਘ ਵੱਲੋਂ ਪਿੰਡ ਰਾਹਲ ਚਾਹਲ ਵਿਖੇ ਸਰਵੋਰ ਦਾ ਨੀਂਹ ਪੱਥਰ ਰੱਖਿਆ

ਸਰਹਾਲੀ ਕਲਾਂ, 10 ਫਰਵਰੀ (ਕੁਲਦੀਪ ਸੰਧੂ)- ਇੱਥੋਂ ਲਾਗਲੇ ਪਿੰਡ ਰਾਹਲ ਚਾਹਲ ਵਿਖੇ ਇਲਾਕਾ ਨਿਵਾਸੀਆਂ ਵੱਲੋਂ ਗੁਰਦੁਆਰਾ ਸ੍ਰੀ ਰਾਮ ਜੋਗੀ ਪੀਰ

ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ, ਜਿਨ੍ਹਾਂ ਦੇ ਅੱਜ ਭੋਗ ਪਾਏ ਗਏ। ਭੋਗ ਉਪਰੰਤ ਸੰਪ੍ਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੌਜੂਦਾ ਮੁਖੀ ਬਾਬਾ ਸੁੱਖਾ ਸਿੰਘ ਵੱਲੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਸਰੋਵਰ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰੱਖਿਆ ਗਿਆ। ਇਸ ਮੌਕੇ ਸੂਬੇਦਾਰ ਨਿਰਮਲ ਸਿੰਘ ਪ੍ਰਧਾਨ, ਅਜੀਤ ਸਿੰਘ ਸੰਧੂ, ਹਰਭਜਨ ਸਿੰਘ ਸਾਬਕਾ ਸਰਪੰਚ, ਹੀਰਾ ਸਿੰਘ, ਤਰਲੋਕ ਸਿੰਘ, ਜੱਸਾ ਸਿੰਘ ਸਰਪੰਚ, ਬਲਕਾਰ ਸਿੰਘ, ਸਰੂਪ ਸਿੰਘ, ਕਰਮ ਸਿੰਘ ਤੋਕੀ, ਕਾਰਜ ਸਿੰਘ, ਕੁਲਵਿੰਦਰ ਸਿੰਘ, ਹੀਰਾ ਸਿੰਘ ਸੰਧੂ, ਬਲਵਿੰਦਰ ਸਿੰਘ, ਗੁਰਭਾਗ ਸਿੰਘ ਸੰਧੂ, ਦਿਲਬਾਗ, ਬਲਦੇਵ ਸਿੰਘ ਚੋਹਲਾ, ਰਾਮ ਸਿੰਘ, ਸੁਰਜੀਤ ਸਿੰਘ ਨੰਬਰਦਾਰ, ਹੀਰਾ ਸਿੰਘ ਤੋਂ ਇਲਾਵਾ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਉਪਰੰਤ ਸੰਪਰਦਾਇ ਮੁਖੀ ਬਾਬਾ ਸੁੱਖਾ ਸਿੰਘ ਵੱਲੋਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਸੰਪ੍ਰਦਾਇ ਵੱਲੋਂ ਹਰ ਕਿਸਮ ☛(ਬਾਕੀ ਸਫਾ 2 'ਤੇ)

ਸਪੱਸ਼ਟੀਕਰਨ

ਜਗਤਾਰ ਸਿੰਘ ਕੌੜਾ ਭਾਜਪਾ ਮੰਡਲ ਅਹਿਮਦਗੜ੍ਹ ਦੇ ਕਾਇਮ ਮੁਕਾਮ ਪ੍ਰਧਾਨ

ਅਹਿਮਦਗੜ੍ਹ, 10 ਫਰਵਰੀ (ਦੇਸ਼ ਰਾਜ ਸ਼ਰਮਾ)- ਅਦਾਰਾ ਅੱਜ ਦੀ ਆਵਾਜ਼ ਵੱਲੋਂ ਮਿਤੀ 28 ਜਨਵਰੀ, 2010 ਨੂੰ ਅਹਿਮਗੜ੍ਹ ਤੋਂ ਪ੍ਰਕਾਸ਼ਿਤ ਕੀਤੀ ਗਈ ਖ਼ਬਰ ਜਿਸ ਵਿੱਚ ਕਿ ਭਾਜਪਾ ਆਗੂ ਵਿਜੇ ਗੋਇਲ ਵੱਲੋਂ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਅਤੇ ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦੇਣ ਸਬੰਧੀ ਲਿਖਿਆ ਗਿਆ ਸੀ ਜੋ ਕਿ ਸਰਾਸਰ ਗਲਤ ਸੀ ਅਤੇ ਸਾਡੇ ਪੱਤਰਕਾਰ ਰੁਪੀ ਰਛੀਨ ਅਤੇ ਸੁਖਜੀਤ ਖੇੜਾ ਦੀ ਗਲਤੀ ਸੀ। ਇਸ ਸਬੰਧੀ ਅਦਾਰੇ ਵੱਲੋਂ ਮਿਤੀ 10 ਫਰਵਰੀ 2010 ਨੂੰ ਜੋ ਸਪੱਸ਼ਟੀਕਰਨ ਛਾਪਿਆ ਗਿਆ ਉਸ ਵਿੱਚ ਵੀ ਭਾਰੀ ਗਲਤੀ ਲੱਗਣ ਕਾਰਨ ਭਾਜਪਾ ਦੇ ਸਾਬਕਾ ਮੰਡਲ ਪ੍ਰਧਾਨ ਸ੍ਰੀ ਵਿਜੇ ਗੋਇਲ ਨੂੰ ਕਾਇਮ ਮੁਕਾਮ ਪ੍ਰਧਾਨ ਲਿਖਿਆ ਗਿਆ ਹੈ ਜਦੋਂਕਿ ਮਿਤੀ 25 ਜਨਵਰੀ 2010 ਨੂੰ ਹੋਈ ਚੋਣ ਵਿੱਚ ਜਗਤਾਰ ਸਿੰਘ ਕੌੜਾ ਨੂੰ ਸਰਬਸੰਮਤੀ ਨਾਲ ਭਾਜਪਾ ਮੰਡਲ ਅਹਿਮਦਗੜ੍ਹ ਦਾ ਪ੍ਰਧਾਨ ਚੁਣ ਲਿਆ ਗਿਆ ਹੈ ਅਤੇ ਭਾਜਪਾ ਦੇ ਕਾਇਮ ਮੁਕਾਮ ਪ੍ਰਧਾਨ ਹਨ ।ਅਦਾਰੇ ਵੱਲੋਂ ਗਲਤ ਜਾਣਕਾਰੀ ਛੱਪ ਜਾਣ 'ਤੇ ਅਫ਼ਸੋਸ ਹੈ।